# Virtual interaction between Minister of State for External Affairs & Dr. LemogangKwape, Minister of International Affairs and Cooperation, Botswana (June 17, 2021)

June 17, 2021

## ਵਿਦੇਸ਼ ਰਾਜ ਮੰਤਰੀ ਅਤੇ ਬੋਤਸਵਾਨਾ ਦੇ ਅੰਤਰਰਾਸ਼ਟਰੀ ਮਾਮਲਿਆਂ ਅਤੇ ਸਹਿਕਾਰਤਾ ਬਾਰੇ ਮੰਤਰੀ ਡਾ. ਲੈਮੋਗਾਂਗ ਕੁਆਪੇ ਵਿਚਾਲੇ ਹੋਈ ਵਰਚੂਅਲ ਗੱਲਬਾਤ (17 ਜੂਨ, 2021)

17 ਜੂਨ, 2021

ਵਿਦੇਸ਼ ਰਾਜ ਮੰਤਰੀ ਸ਼੍ਰੀ ਵੀ. ਮੁਰਲੀਧਰਨ ਨੇ ਅੱਜ ਬੋਤਸਵਾਨਾ ਦੇ ਅੰਤਰਰਾਸ਼ਟਰੀ ਮਾਮਲਿਆਂ ਅਤੇ ਸਹਿਕਾਰਤਾ ਬਾਰੇ ਮੰਤਰੀ ਮਾਨਯੋਗ ਡਾ. ਲੈਮੋਗਾਂਗ ਕੁਆਪੇ ਨਾਲ ਵਰਚੂਅਲ ਬੈਠਕ ਕੀਤੀ। ਉਨ੍ਹਾਂ ਨੇ ਨਵੰਬਰ 2018 ਵਿੱਚ ਕੀਤੀ ਆਪਣੀ ਬੋਤਸਵਾਨਾ ਦੀ ਫੇਰੀ ਨੂੰ ਨਿੱਘੇ ਤਰੀਕੇ ਨਾਲ ਯਾਦ ਕੀਤਾ।

ਦੋਵਾਂ ਮੰਤਰੀਆਂ ਨੇ ਆਪਣੇ ਵਿਚਾਰ ਵਟਾਂਦਰੇ ਵਿੱਚ ਆਪਸੀ ਤੌਰ ਤੇ ਲਾਹੇਵੰਦ ਭਾਰਤ-ਬੋਤਸਵਾਨਾ ਸਬੰਧਾਂ ਦੇ ਸਾਰੇ ਪਹਿਲੂਆਂ, ਖਾਸ ਤੌਰ 'ਤੇ ਸਿਹਤ, ਵਪਾਰ, ਸਿੱਖਿਆ ਅਤੇ ਰੱਖਿਆ ਖੇਤਰਾਂ ਵਿੱਚ ਦੁਵੱਲੇ ਸਹਿਯੋਗ ਬਾਰੇ ਗੱਲਬਾਤ ਕੀਤੀ। ਮੰਤਰੀ ਕਵਾਪੇ ਨੇ ਭਾਰਤ ਸਰਕਾਰ ਵੱਲੋਂ ਹਰ ਸਾਲ ਨੌਜਵਾਨ ਬੋਤਸਵਾਨੀਆਂ ਨੂੰ ਦਿੱਤੇ ਜਾਣ ਵਾਲੇ ਸਮਰੱਥਾ ਵਧਾਉਣ ਵਾਲੇ ਸਲੋਟਾਂ ਲਈ ਆਪਣੀ ਸ਼ਲਾਘਾ ਜ਼ਾਹਰ ਕੀਤੀ ਅਤੇ e-ਵਿਦਿਆ ਭਾਰਤੀ ਅਤੇ e-ਅਰੋਗਿਆ ਭਾਰਤੀ ਪ੍ਰੋਗਰਾਮਾਂ ਦੁਆਰਾ ਟੈਲੀ-ਮੈਡੀਸਨ ਅਤੇ ਟੈਲੀ-ਸਿੱਖਿਆ ਵਿੱਚ ਦਿੱਤੇ ਜਾ ਰਹੇ ਮੌਕਿਆਂ ਵਿੱਚ ਆਪਣੀ ਦਿਲਚਸਪੀ ਜ਼ਾਹਰ ਕੀਤੀ।

ਦੋਵੇਂ ਮੰਤਰੀਆਂ ਨੇ ਛੇਤੀ ਤੋਂ ਛੇਤੀ ਵਪਾਰ ਅਤੇ ਹੋਰ ਵਫਦਾਂ ਦੇ ਵਟਾਂਦਰਿਆਂ ਅਤੇ ਉੱਚ ਪੱਧਰੀ ਦੌਰਿਆਂ ਨੂੰ ਮੁੜ ਸ਼ੁਰੂ ਕਰਨ 'ਤੇ ਸਹਿਮਤੀ ਦਿੱਤੀ।

17 ਜੂਨ, 2021

DISCLAIMER: This is an approximate translation. The original is available in English on MEA’s website and may be referred to as the official press release.